Punjab ICT Education Society

DEPARTMENT OF SCHOOL EDUCATION
Punjab (INDIA)

**ਸੈਸ਼ਨ 2021-22**
**ਸ਼ੀਟ ਨੰ: 20**

# ਈ-ਸ਼ਬਦ



## ਅੱਜ ਦਾ ਸ਼ਬਦ "ਅਸੈਸਰੀਜ਼"

"**ਅਸੈਸਰੀਜ਼**" ਕਿਸੇ ਵੀ ਉਪਕਰਣ ਨਾਲ ਸੰਬੰਧਤ ਉਹ ਸਾਜੋ ਸਮਾਨ ਹੁੰਦਾ ਹੈ ਜੋ ਕਿ ਜਰੂਰੀ ਨਹੀਂ ਹੁੰਦਾ ਪਰੰਤੂ ਉਸ ਉਪਕਰਣ ਦੀ ਗੁਣਵਤਾ ਅਤੇ ਵਰਤੋਂ ਨੂੰ ਵਧੇਰੇ ਪ੍ਰਭਾਵਸ਼ਾਲੀ, ਉਪਯੋਗੀ ਜਾਂ ਸੁੰਦਰ ਬਣਾਉਂਦਾ ਹੈ। ਇਹ ਸ਼ਬਦ ਲੱਗਭਗ ਸਾਰੇ ਹੀ ਖੇਤਰਾਂ ਵਿੱਚ ਉਪਯੋਗ ਹੁੰਦਾ ਹੈ ਜੋ ਕਿ ਗੈਰ ਜਰੂਰੀ ਸਮੱਗਰੀ ਨੂੰ ਦਰਸ਼ਾਉਂਦਾ ਹੈ ਜਿੰਨਾਂ ਦੀ ਮਦਦ ਨਾਲ ਕੋਈ ਵੀ ਮਸ਼ੀਨ, ਔਜ਼ਾਰ, ਵਸਤੂ ਜਾ ਖੇਤਰ ਜਿਆਦਾ ਉਪਯੋਗੀ ਬਣਦਾ ਹੋਵੇ।

ਕੰਪਿਊਟਰ ਦੇ ਖੇਤਰ ਵਿੱਚ ਅਸੀਂ ਅਸੈਸਰੀਜ਼ ਨੂੰ ਦੋ ਮੁੱਖ ਭਾਗਾਂ ਵਿੱਚ ਵੰਡ ਸਕਦੇ ਹਾਂ:

1. **ਹਾਰਡਵੇਅਰ ਅਸੈਸ਼ਰੀਜ਼**: ਕੰਪਿਊਟਰ ਨਾਲ ਜੁੜਨ ਵਾਲਾ ਕੋਈ ਵੀ ਹਾਰਡਵੇਅਰ ਉਪਰਕਰਣ ਜੋ ਕੋਈ ਵੱਖਰੀ ਕਾਬਲੀਅਤ ਜਾਂ ਗੁਣ ਪ੍ਰਦਾਨ ਕਰਦਾ ਹੋਵੇ, ਨੂੰ ਹਾਰਡਵੇਅਰ ਅਸੈਸਰੀਜ਼ ਕਿਹਾ ਜਾਂਦਾ ਹੈ। ਇਸ ਦੀਆਂ ਸਭ ਤੋਂ ਵਧੀਆ ਉਦਾਹਰਣਾਂ ਕੰਪਿਊਟਰ ਪ੍ਰਿੰਟਰ ਜੋ ਕਿ ਕੰਪਿਊਟਰ ਰਾਹੀਂ ਪ੍ਰਿੰਟਿੰਗ ਕਰਨ ਦੀ ਆਗਿਆ ਦਿੰਦਾ ਹੈ। ਹਾਲਾਂਕਿ, ਜੇਕਰ ਸਾਡੇ ਕੰਪਿਊਟਰ ਨਾਲ ਪ੍ਰਿੰਟਰ ਨਹੀਂ ਵੀ ਲੱਗਿਆ ਤਾਂ ਇਸ ਤੋਂ ਬਗੈਰ ਵੀ ਕੰਪਿਊਟਰ ਕੰਮ ਕਰ ਸਕਦਾ ਹੈ। ਮਾਇਕ੍ਰੋਫੋਨ, ਸਕੈਨਰ, ਜੁਆਇ ਸਟਿੱਕ, ਹੈੱਡ ਫੋਨ ਆਦਿ ਕੰਪਿਊਟਰ ਅਸੈਸਰੀਜ਼ ਦੀਆਂ ਕੁਝ ਹੋਰ ਉਦਾਹਰਣਾਂ ਹਨ।
2. **ਸਾਫਟਵੇਅਰ ਅਸੈਸਰੀਜ਼**: ਜਿਵੇਂ ਕਿ ਅਸੀਂ ਜਾਣਦੇ ਹਾਂ, ਕੰਪਿਊਟਰ ਨੂੰ ਯੂਜ਼ਰ ਦਾ ਕੰਮ ਕਰਨ ਲਈ ਸਿਸਟਮ ਸਾਫਟਵੇਅਰਾਂ ਦੀ ਜਰੂਰਤ ਹੁੰਦੀ ਹੈ। ਆਪ੍ਰੇਟਿੰਗ ਸਿਸਟਮ ਕੰਪਿਊਟਰ ਨਾਲ ਸੰਬੰਧਤ ਇੱਕ ਬਹੁਤ ਜਰੂਰੀ ਸਿਸਟਮ ਸਾਫਟਵੇਅਰ ਹੈ। ਹਰੇਕ ਆਪ੍ਰੇਟਿੰਗ ਸਿਸਟਮ ਸਾਧਾਰਨ ਮੰਤਵਾਂ ਦੀ ਪੂਰਤੀ ਲਈ ਕੁੱਝ ਐਸਸਰੀਜ਼ ਸਾਫਟਵੇਅਰ ਮੁਹੱਈਆ ਕਰਵਾਉਂਦਾ ਹੈ। ਉਦਾਹਰਣ ਦੇ ਤੌਰ ਤੇ ਸਾਧਾਰਨ ਟੈਕਸਟ ਐਡੀਟਰ, ਮੁੱਢਲੇ ਗ੍ਰਾਫਿਕਸ ਸਾਫਟਵੇਅਰ, ਮੀਡੀਆ ਪਲੇਅਰ, ਕੁਝ ਸਾਧਾਰਨ ਗੇਮਾਂ, ਕੈਲਕੁਲੇਟਰ, ਡਾਕੂਮੈਂਟ ਰਾਇਟਰ ਆਦਿ ਅਜਿਹੇ ਹੀ ਐਪਲੀਕੇਸ਼ਨ ਪ੍ਰੋਗਰਾਮਾਂ ਦੀਆਂ ਉਦਾਹਰਣਾਂ ਹਨ।

## Word of the Day is "**Accessories**"

"**Accessories**" are items of equipment that are not usually essential, but which can be used to make it more efficient, useful, or decorative. This term is used almost in every filed to represent optional items which make any one particular machine, gadget, item or field more usable.

In the field of computer, we can classify accessories in two major types:

1. **Hardware accessories:** Any hardware device added to a computer that performs an additional capability or feature is known as computer hardware accessory. A good example of an accessory is the computer printer, which gives the computer the ability to print. However, a computer would still work if it didn't have the printer. Microphone, Scanner, Joystick, Headphone etc. are some other examples of computer hardware accessories.
2. **Software accessories:** As we know, each computer needs system software to be able to work for user. Operating System is one of the essential System Software for a computer. Each Operating system gives some other programs as an accessory with it to be used for general purpose. For example, Text Editor, Basic graphics Software, Media Player, Some basic games, Calculator, Document writer and many more application programs.

### ਰੋਚਕ ਤੱਥ:-

**ਵਿੰਡੋ 7 ਅਤੇ ਇਸਤੋਂ ਪਹਿਲਾਂ ਤੱਕ ਵਿੰਡੋ ਨਾਲ ਮੁਹੱਈਆ ਹੋਣ ਵਾਲੇ ਅਸੈਸਰੀ ਸਾਫਟਵੇਅਰ ਇੱਕੋ ਹੀ ਫੋਲਡਰ ਵਿੱਚ ਹੁੰਦੇ ਸਨ। ਵਿੰਡੋ 8 ਅਤੇ ਉਸਤੋਂ ਬਾਅਦ ਇਹ ਸਾਰੇ ਪ੍ਰੋਗਰਾਮ ਸਟਾਰਟ ਮੀਨੂੰ ਵਿੱਚ ਹੀ ਸ਼ਾਮਿਲ ਕਰ ਦਿੱਤੇ ਗਏ ਅਤੇ ਅਸੈਸਰੀਜ਼ ਨਾਂ ਦਾ ਫੋਲਡਰ ਹਟਾ ਦਿੱਤਾ ਗਿਆ ।**

### Interesting Facts:-

Accessory programs provided with windows displayed in single folder till windows 7. From windows 8 onward, all programs are added into start menu itself and accessories folder is removed.

**ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਕੇ ਕਲਿੱਕ ਕਰੋ:** https://youtu.be/FIsTDQ1Lo7c

**D.M.: Mohd. Aarif (Sangrur)**                **Sukhwinder Singh (GSSS(G), Sunam Udham Singh Wala)**